ਸਰੀ ਸਕੂਲ ਡਿਸਟ੍ਰਿਕਟ ਦੇ ਸਟਾਫ, ਵਿਦਿਆਰਥੀਆਂ, ਮਾਪਿਆਂ ਅਤੇ ਕਮਿਊਨਿਟੀ ਨੂੰ ਹੈਲੋ:

ਗਰਮੀਆਂ ਆ ਗਈਆਂ ਹਨ ਅਤੇ 2023/2024 ਦਾ ਸਕੂਲ ਸਾਲ ਤਕਰੀਬਨ ਤਕਰੀਬਨ ਖਤਮ ਹੋ ਗਿਆ ਹੈ। ਹੁਣ ਛੁੱਟੀਆਂ ਕਰਨ ਅਤੇ ਆਪਣੇ ਆਪ, ਆਪਣੇ ਪਰਿਵਾਰ ਅਤੇ ਆਪਣੇ ਦੋਸਤਾਂ ਨਾਲ ਵਧੀਆ ਸਮਾਂ ਗੁਜ਼ਾਰਨ ਦਾ ਵਕਤ ਆ ਗਿਆ ਹੈ। ਇਹ ਸੋਚ ਵਿਚਾਰ ਕਰਨ ਦਾ ਸਮਾਂ ਹੈ ਅਤੇ ਪਿਛਲੇ ਸਾਲ ਦੀਆਂ ਪ੍ਰਾਪਤੀਆਂ ਅਤੇ ਚੁਣੌਤੀਆਂ ਕਾਰਨ ਸਾਡੇ ਵਲੋਂ, ਸਾਡੇ ਵਿਦਿਆਰਥੀਆਂ ਵਲੋਂ ਅਤੇ ਸਾਡੇ ਬੱਚਿਆਂ ਵਲੋਂ ਕੀਤੇ ਨਿੱਜੀ ਵਿਕਾਸ ਦੀ ਕਦਰ ਕਰਨ ਦਾ ਵੀ ਮੌਕਾ ਹੈ।

ਪਿੱਛੇ ਵੱਲ ਮਾਰੀ ਝਾਤ ਅਨੁਸਾਰ, 2023/2024 ਦਾ ਸਕੂਲ ਸਾਲ ਚੁਣੌਤੀਆਂ ਭਰਪੂਰ ਸੀ ਕਿਉਂਕਿ ਇਸ ਸਾਲ ਸਾਨੂੰ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧੇ, ਵਿੱਤੀ ਅਨਿਸ਼ਚਤਤਾ ਅਤੇ ਟੀਚਰਾਂ ਦੀ ਘਾਟ ਦਾ ਸਾਹਮਣਾ ਕਰਨਾ ਪਿਆ। ਇਹਨਾਂ ਹਾਲਤਾਂ ਦੇ ਬਾਵਜੂਦ, ਸਾਡੇ ਸਰੀ ਦੇ ਸਕੂਲਾਂ ਦੀ ਕਮਿਊਨਿਟੀ ਨੇ ਕਿਰਪਾਲਤਾ ਅਤੇ ਪਿਆਰ ਭਰਿਆ ਪ੍ਰਤੀਕਰਮ ਕੀਤਾ ਅਤੇ ਸਟਾਫ ਨੇ ਨਿਰੰਤਰ ਤੌਰ `ਤੇ ਇਹ ਯਕੀਨੀ ਬਣਾਇਆ ਕਿ ਵਿਦਿਆਰਥੀਆਂ ਦੀ ਪੜ੍ਹਾਈ ਉਹਨਾਂ ਦੇ ਸਾਰੇ ਕੰਮਾਂ ਦਾ ਕੇਂਦਰ ਰਹੇ। ਬਹੁਤ ਸਾਰੇ ਮੌਕਿਆਂ `ਤੇ ਸਕੂਲਾਂ ਅਤੇ ਕਲਾਸਰੂਮਾਂ ਵਿੱਚ, ਵੱਖ ਵੱਖ ਪ੍ਰੋਜੈਕਟਾਂ ਅਤੇ ਵਿਭਾਗਾਂ ਵਿੱਚ ਮੈਂ ਸਾਡੇ ਵਿਦਿਆਰਥੀਆਂ ਬਾਰੇ ਸਟਾਫ ਦੇ ਸਮਰਪਣ, ਉਤਸ਼ਾਹ ਅਤੇ ਵਚਨਬੱਧਤਾ ਨੂੰ ਦੇਖਿਆ। ਮੈਂ ਖੁਸ਼ਕਿਸਮਤ ਹਾਂ ਕਿ ਮੈਨੂੰ ਸਾਰੇ ਸਕੂਲ ਡਿਸਟ੍ਰਿਕਟ ਵਿੱਚ ਨਵੀਨ ਅਤੇ ਸਿਰਜਣਾਤਮਕ ਅਮਲਾਂ ਨੂੰ ਦੇਖਣ ਦੇ ਮੌਕੇ ਪ੍ਰਾਪਤ ਹੋਏ।

ਸਾਰੇ ਸਾਲ ਦੌਰਾਨ, ਵਿਦਿਆਰਥੀਆਂ ਦੇ ਪੜ੍ਹਾਈ ਦੇ ਸਫਰ ਦਾ ਸਮਰਥਨ ਕਰਨ ਲਈ ਕੀਤੇ ਜਾ ਰਹੇ ਸ਼ਾਨਦਾਰ ਕੰਮ ਦੀਆਂ ਕਈ ਉਦਾਹਰਨਾਂ ਸਾਹਮਣੇ ਆਈਆਂ, ਪਰ ਮੈਂ ਦੋ ਖਾਸ ਖੇਤਰਾਂ ਨੂੰ ਸਾਹਮਣੇ ਲਿਆਉਣਾ ਚਾਹੁੰਦਾ ਹਾਂ।

ਸਾਰੇ ਡਿਸਟ੍ਰਿਕਟ ਵਿੱਚ ਨਸਲੀ ਨਿਰਪੱਖਤਾ ਵਿੱਚ ਵਾਧਾ ਕਰਨ ਲਈ, ਸਰੀ ਸਕੂਲਜ਼ ਨੇ ਕਈ ਉੱਦਮ ਕੀਤੇ। ਪਹਿਲਾਂ ਹਾਲ'ਜ਼ ਪ੍ਰੇਰੀ ਦੇ ਨਾਂ ਨਾਲ ਜਾਣੇ ਜਾਂਦੇ ਸਕੂਲ ਲਈ ਸਾਨੂੰ ਸੈਮੀਆਮੂ ਫਸਟ ਨੇਸ਼ਨ ਤੋਂ ਨਵਾਂ ਨਾਂ, ਵੋਹ-ਪੀ-ਟੈਨ (Xw' epiteng) ਮਿਲਿਆ, ਜਿਸ ਦਾ ਅਰਥ ਹੈ "ਕਈ ਖਰਗੋਸ਼ਾਂ ਦੀ ਥਾਂ"। ਵੋਹ-ਪੀ-ਟੈਨ ਐਲੀਮੈਂਟਰੀ 2024-25 ਦੇ ਸਕੂਲ ਸਾਲ ਦੀ ਪਤਝੜ ਵਿੱਚ ਖੁੱਲ੍ਹੇਗਾ ਅਤੇ ਜ਼ਮੀਨ-ਆਧਾਰਤ ਪੜ੍ਹਾਈ ਦੇ ਸਾਡੇ ਨਵੇਂ ਪ੍ਰੋਗਰਾਮ ਨੂੰ ਹੋਸਟ ਕਰੇਗਾ। ਉਨ੍ਹਾਂ ਦਾ ਨਿਰਪੱਖਤਾ, ਵੰਨੁਸਵੰਨਤਾ, ਸ਼ਮੂਲੀਅਤ ਅਤੇ ਨਿਆਂ ਦਾ ਬੁਨਿਆਦੀ ਗਿਆਨ ਵਧਾਉਣ ਲਈ ਅਸੀਂ ਮੈਨੇਜਮੈਂਟ ਦੇ ਸਾਰੇ ਸਟਾਫ ਲਈ ਸਾਰੇ ਡਿਸਟ੍ਰਿਕਟ ਵਿੱਚ ਸਿਖਲਾਈ ਦਾ ਪ੍ਰੋਗਰਾਮ ਲਾਗੂ ਕੀਤਾ ਅਤੇ ਸਕੂਲਾਂ ਵਿੱਚ ਤੈਨਾਤ ਸਟਾਫ ਲਈ ਪੇਸ਼ਕਾਰੀਆਂ ਕੀਤੀਆਂ। ਇਸ ਦੇ ਨਾਲ ਹੀ ਅਸੀਂ ਸਭਿਆਚਾਰਾਂ ਨੂੰ ਧਿਆਨ ਵਿੱਚ ਰੱਖਣ ਵਾਲੇ ਵਸੀਲਿਆਂ ਰਾਹੀਂ ਵਿਦਿਆਰਥੀਆਂ ਦਾ ਕਲਾਸਰੂਮਾਂ ਅਤੇ ਪੜ੍ਹਾਈ ਦੀਆਂ ਹੋਰ ਥਾਂਵਾਂ ਵਿੱਚ ਸਮਰਥਨ ਕੀਤਾ ਅਤੇ ਨਿਰਪੱਖਤਾ, ਵੰਨੁਸਵੰਨਤਾ ਅਤੇ ਸ਼ਮੂਲੀਅਤ ਬਾਰੇ ਇਕ ਨਵਾਂ ਕੈਲੰਡਰ ਤਿਆਰ ਕੀਤਾ। ਸੰਨ 2024/2025 ਦੌਰਾਨ ਅਸੀਂ ਇਸ ਕੰਮ ਨੂੰ ਜਾਰੀ ਰੱਖਣ ਅਤੇ ਵਧਾਉਣ ਦੀ ਉਮੀਦ ਕਰਦੇ ਹਾਂ।

ਸਰੀ ਸਕੂਲਜ਼ ਨੇ ਸੁਣਨ ਲਈ ਇਕ ਟੂਰ ਦਾ ਪ੍ਰਬੰਧ ਕੀਤਾ, ਜਿਸ ਨਾਲ ਸਾਰੇ ਡਿਸਟ੍ਰਿਕਟ ਵਿੱਚ ਵਿਦਿਆਰਥੀਆਂ ਦੀਆਂ ਅਵਾਜ਼ਾਂ ਨੂੰ ਸੁਣੇ ਜਾਣ ਦੇ ਹੋਰ ਮੌਕੇ ਪੈਦਾ ਹੋਏ। ਇਸ ਸਾਲ ਸੈਕੰਡਰੀ, ਐਲੀਮੈਂਟਰੀ ਅਤੇ ਲਰਨਿੰਗ ਸੈਂਟਰਾਂ ਦੇ ਸਕੂਲਾਂ ਦੇ ਵਿਦਿਆਰਥੀਆਂ ਨਾਲ 25 ਫੋਰਮ ਕੀਤੇ ਗਏ। ਸਾਡੇ ਵਿਦਿਆਰਥੀਆਂ ਨੇ ਆਪਣੇ ਕੀਮਤੀ ਵਿਚਾਰਾਂ ਵਿੱਚ ਇਹਨਾਂ ਮੁੱਖ ਖੇਤਰਾਂ ਬਾਰੇ ਗੱਲ ਕੀਤੀ - ਨਿਰਪੱਖਤਾ ਬਾਰੇ ਡਿਸਟ੍ਰਿਕਟ ਦੇ ਨਿਰੰਤਰ ਕੀਤੇ ਜਾ ਰਹੇ ਕੰਮ ਬਾਰੇ, ਮਾਨਸਿਕ ਸਿਹਤ ਨਾਲ ਸੰਬੰਧਿਤ ਵਿਚਾਰ ਵਟਾਂਦਰੇ ਨੂੰ ਨਾਰਮਲ ਬਣਾਉਣ ਬਾਰੇ ਅਤੇ ਪੜ੍ਹਾਈ ਲਈ ਸੁਰੱਖਿਅਤ ਅਤੇ ਸ਼ਮੂਲੀਅਤ ਵਾਲੇ ਮਾਹੌਲ ਨੂੰ ਪਹਿਲ ਦੇਣ ਬਾਰੇ। ਸਾਡੇ ਵਿਦਿਆਰਥੀ ਬਹੁਤ ਵਧੀਆ ਐਡਵੋਕੇਟ ਹਨ ਅਤੇ ਉਹਨਾਂ ਕੋਲ ਉਸ ਚੀਜ਼ ਬਾਰੇ ਸਪਸ਼ਟ ਦ੍ਰਿਸ਼ਟੀ ਅਤੇ ਉਮੀਦਾਂ ਹਨ ਜੋ ਉਹ ਸਾਡੇ ਸਕੂਲਾਂ ਵਿੱਚ ਦੇਖਣਾ ਚਾਹੁੰਦੇ ਹਨ। ਆਪਣੀ ਸਟੂਡੈਂਟ/ਬੋਰਡ ਆਫ ਐਜੂਕੇਸ਼ਨ ਨਾਲ ਤਾਲਮੇਲ ਦੀ ਮੀਟਿੰਗ ਵਿੱਚ ਇਹ ਜਾਣਕਾਰੀ ਬੋਰਡ ਆਫ ਐਜੂਕੇਸ਼ਨ ਅਤੇ ਸੀਨੀਅਰ ਸਟਾਫ ਨਾਲ ਸਿੱਧੇ ਤੌਰ `ਤੇ ਸਾਂਝੀ ਕੀਤੀ ਗਈ।

2024/2025 ਦਾ ਸਕੂਲ ਸਾਲ ਹਰ ਇਕ ਲਈ ਹੋਰ ਤਬਦੀਲੀ ਲਿਆਏਗਾ ਜਦੋਂ ਅਸੀਂ ਵਿਦਿਆਰਥੀਆਂ ਦੀ ਸਿੱਖਿਆ ਅਤੇ ਵਿਕਾਸ ਲਈ ਸਭ ਤੋਂ ਵਧੀਆ ਸੰਭਵ ਹਾਲਤਾਂ ਪੈਦਾ ਕਰਨ ਲਈ ਕਾਰਜਨੀਤੀਆਂ ਦਾ ਮੁੱਲਾਂਕਣ ਕਰਾਂਗੇ। ਇਸ ਵਿੱਚ ਸਾਡੇ ਸਕੂਲਾਂ ਦੀਆਂ ਥਾਂਵਾਂ ਦੀ ਸਿਰਜਣਾਤਮਕ ਢੰਗ ਨਾਲ ਵਰਤੋਂ ਅਤੇ ਪ੍ਰੋਫੈਸ਼ਨਲ ਡਿਵੈਲਪਮੈਂਟ ਲਈ ਮੌਕਿਆਂ ਅਤੇ ਸਕੂਲਾਂ ਦੀਆਂ "ਬੰਦ" ਹੱਦਾਂ ("ਕਲੋਜ਼ਡ" ਸਕੂਲ ਬਾਊਂਡਰੀਜ਼) ਪ੍ਰਦਾਨ ਕਰਨ ਦੇ ਅਮਲ ਵਿੱਚ ਤਬਦੀਲੀਆਂ ਕਰਨਾ ਸ਼ਾਮਲ ਹੈ। ਅੱਗੇ ਵੱਲ ਵਧਦੇ ਹੋਏ ਅਸੀਂ ਆਪਣੇ ਛੇ ਸੈਕੰਡਰੀ ਸਕੂਲਾਂ ਵਿੱਚ ਵਧਾਏ ਹੋਏ ਦਿਨ ਦਾ ਕਾਰਜਕਰਮ (ਸਕੈਜੂਅਲ) ਸ਼ੁਰੂ ਕਰਾਂਗੇ, ਐਲੀਮੈਂਟਰੀ ਸਕੂਲਾਂ ਵਿੱਚ ਪ੍ਰੀਫੈਬਰੀਕੇਟਿਡ ਕਲਾਸਰੂਮਾਂ ਦੀ ਸਥਾਪਨਾ ਕਰਾਂਗੇ ਅਤੇ ਟੀਚਰਾਂ ਦੀ ਘਾਟ ਨਾਲ ਨਿਪਟਣ ਲਈ ਕੁੱਝ ਨੌਨ-ਕੌਂਟਰੈਕਟ ਨੌਨ-ਇਨਰੋਲਿੰਗ ਸਟਾਫ ਨੂੰ ਦੁਬਾਰਾ ਕਲਾਸਰੂਮਾਂ ਵਿੱਚ ਲਾਵਾਂਗੇ।

ਸਰੀ ਦੀ ਸਕੂਲ ਕਮਿਊਨਿਟੀ ਵਿੱਚ 2024/2025 ਅਤੇ ਉਸ ਤੋਂ ਬਾਅਦ ਦੇ ਸਾਲਾਂ ਦੌਰਾਨ ਤੇਜ਼ੀ ਨਾਲ ਵਾਧਾ ਹੁੰਦਾ ਰਹੇਗਾ, ਪਰ ਮੈਨੂੰ ਵਿਸ਼ਵਾਸ ਹੈ ਕਿ ਅਸੀਂ ਇਸ ਚੁਣੌਤੀ ਦਾ ਸਾਹਮਣਾ ਕਰ ਸਕਾਂਗੇ। ਵਾਧੇ ਨਾਲ ਨਿਪਟਣ ਲਈ ਸਰੀ ਸਕੂਲਜ਼ ਦਾ ਸਟਾਫ ਲੰਮੇ ਸਮੇਂ ਲਈ, ਵਿਦਿਆਰਥੀ ਕੇਂਦਰਤ ਅਤੇ ਕਾਇਮ ਰਹਿਣ ਯੋਗ ਕਾਰਜਨੀਤੀਆਂ ਤਿਆਰ ਕਰਨ ਲਈ ਸਖਤ ਕੰਮ ਕਰ ਰਿਹਾ ਹੈ। ਸਾਡੀ ਲੰਮੇ ਸਮੇਂ ਦੀ ਫੈਸਿਲਟੀ ਪਲੈਨ ਦੇ ਹਿੱਸੇ ਵਜੋਂ ਡਿਸਟ੍ਰਿਕਟ ਵਲੋਂ ਵਾਧੇ ਨਾਲ ਨਿਪਟਣ ਲਈ ਸਿਫਾਰਿਸ਼ ਕੀਤੀਆਂ ਕਾਰਜਨੀਤੀਆਂ ਦੀ ਸੂਚੀ ਇੱਥੇ ਦੇਖੀ ਜਾ ਸਕਦੀ ਹੈ।

ਮੈਂ ਤੁਹਾਡੇ ਸਾਰਿਆਂ ਲਈ ਖੁਸ਼ੀਆਂ ਨਾਲ ਭਰਪੂਰ ਗਰਮੀਆਂ ਦੀ ਕਾਮਨਾ ਕਰਦਾ ਹਾਂ। ਮੈਂ 2024/2025 ਦੇ ਸਕੂਲ ਸਾਲ ਦੀ ਖੁਸ਼ੀ ਨਾਲ ਉਡੀਕ ਕਰ ਰਿਹਾ ਹਾਂ, ਜਦੋਂ ਅਸੀਂ ਆਪਣੇ ਵਿਦਿਆਰਥੀਆਂ ਦੇ ਪੜ੍ਹਾਈ ਦੇ ਤਜਰਬੇ ਦੀ ਵਿਸ਼ੇਸਤਾ ਨੂੰ ਯਕੀਨੀ ਬਣਾਉਂਦੇ ਹੋਏ ਆਪਣੀਆਂ ਕਮਿਊਨਿਟੀਆਂ ਦੇ ਅਨੁਮਾਨਿਤ ਵਾਧੇ ਨਾਲ ਸਿਰਜਣਾਤਮਕਤਾ, ਫੁਰਤੀ ਅਤੇ ਨਵੀਨਤਾ ਨਾਲ ਨਿਪਟਾਂਗੇ।

ਸੱਚੇ ਦਿਲੋਂ,

ਮਾਰਕ ਪੀਅਰਮੇਨ
**ਸੁਪਰਡੈਂਟ/ਸੀ ਈ ਓ**
**ਸਰੀ ਸਕੂਲਜ਼**